ਜਨਤਕ ਉਪਯੋਗਤਾ ਵਿਭਾਗ
2600 ਫ੍ਰੈਜ਼ਨੋ ਸਟ੍ਰੀਟ
ਫ੍ਰੈਜ਼ਨੋ, CA 93721

ਜਨਤਕ ਸੁਣਵਾਈ ਦਾ ਨੋਟਿਸ
ਪਾਣੀ ਅਤੇ ਵੇਸਟਵਾਟਰ ਸੇਵਾਵਾਂ ਦੀਆਂ ਦਰਾਂ ਲਈ
ਪ੍ਰਸਤਾਵਿਤ ਅੱਪਡੇਟ ਅਤੇ ਵਾਧੇ
ਤਾਰੀਖ਼: ਮੰਗਲਵਾਰ, 29 ਦਸੰਬਰ, 2026
ਸਮਾਂ: ਸਵੇਰੇ 9:00 ਵਜੇ ਜਾਂ ਉਸ ਤੋਂ ਬਾਅਦ ਜਿਵੇਂ ਹੀ ਸੁਣਵਾਈ ਹੋ ਸਕੇ
ਸਥਾਨ: ਫ੍ਰੈਜ਼ਨੋ ਸਿਟੀ ਹਾਲ, ਕੌਂਸਲ ਚੈਂਬਰ,
2600 ਫ੍ਰੈਜ਼ਨੋ ਸਟ੍ਰੀਟ, ਫ੍ਰੈਜ਼ਨੋ, CA 93721

ਇਸ ਨੋਟਿਸ ਦਾ ਪੂਰਾ ਅਨੁਵਾਦ ਫ੍ਰੈਜ਼ਨੋ ਸ਼ਹਿਰ ਦੀ ਵੈੱਬਸਾਈਟ 'ਤੇ ਸਪੈਨਿਸ਼ ਅਤੇ ਹਮੋਂਗ ਭਾਸ਼ਾਵਾਂ ਵਿੱਚ ਉਪਲਬਧ ਹੈ। www.fresno.gov/prop218 'ਤੇ ਜਾਓ ।

ਇਹ ਪਾਣੀ ਅਤੇ ਵੇਸਟਵਾਟਰ ਦਰਾਂ ਦੇ ਅੱਪਡੇਟ ਅਤੇ ਵਾਧਿਆਂ ਸੰਬੰਧੀ ਜਨਤਕ ਸੁਣਵਾਈ ਦਾ ਨੋਟਿਸ ਹੈ। ਇਹ ਨੋਟਿਸ ਫ੍ਰੈਜ਼ਨੋ ਸ਼ਹਿਰ (ਸਿਟੀ) ਦੀਆਂ ਪਾਣੀ ਅਤੇ/ਜਾਂ ਵੇਸਟਵਾਟਰ ਸੇਵਾਵਾਂ ਪ੍ਰਾਪਤ ਕਰਨ ਵਾਲੇ ਗਾਹਕਾਂ ਲਈ ਉਪਯੋਗਤਾ ਸੇਵਾ ਦਰਾਂ ਵਿੱਚ ਪ੍ਰਸਤਾਵਿਤ ਵਾਧਿਆਂ ਦਾ ਵਿਵਰਣ ਦਿੰਦਾ ਹੈ। ਕੈਲੀਫੋਰਨੀਆ ਸੰਵਿਧਾਨ ਦੇ ਆਰਟੀਕਲ XIIID (ਪ੍ਰਸਤਾਵ 218) ਦੇ ਅਨੁਸਾਰ, ਸ਼ਹਿਰ ਜਾਇਦਾਦ ਦੇ ਮਾਲਕਾਂ ਅਤੇ ਰਿਕਾਰਡ ਵਿੱਚ ਦਰਜ ਉਨ੍ਹਾਂ ਗਾਹਕਾਂ ਨੂੰ ਇਹ ਲਿਖਤੀ ਸੂਚਨਾ ਦੇ ਰਹੀ ਹੈ ਜੋ ਸ਼ਹਿਰ ਵੱਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਪਾਣੀ ਅਤੇ/ਜਾਂ ਵੇਸਟਵਾਟਰ ਉਪਯੋਗਤਾ ਸੇਵਾਵਾਂ ਪ੍ਰਾਪਤ ਕਰਦੇ ਹਨ ਅਤੇ/ਜਾਂ ਉਨ੍ਹਾਂ ਲਈ ਭੁਗਤਾਨ ਕਰਦੇ ਹਨ। ਖ਼ਾਸ ਤੌਰ 'ਤੇ, ਇਹ ਸੂਚਨਾ ਇਨ੍ਹਾਂ ਉਪਯੋਗਤਾ ਦੁਆਰਾ ਲਈ ਜਾਣ ਵਾਲੀਆਂ ਸੇਵਾਵਾਂ ਦੀ ਦਰਾਂ ਦੀ ਸੂਚੀ ਵਿੱਚ ਪ੍ਰਸਤਾਵਿਤ ਤਬਦੀਲੀਆਂ ਦਾ ਵਰਣਨ ਕਰਦੀ ਹੈ ਅਤੇ ਦੱਸਦੀ ਹੈ ਕਿ ਜਾਇਦਾਦ ਦੇ ਮਾਲਕ ਅਤੇ ਰਿਕਾਰਡ ਵਿੱਚ ਦਰਜ ਗਾਹਕ ਜਨਤਕ ਸੁਣਵਾਈ ਵਿੱਚ ਕਿਵੇਂ ਹਿੱਸਾ ਲੈ ਸਕਦੇ ਹਨ ਅਤੇ/ਜਾਂ ਪ੍ਰਸਤਾਵਿਤ ਦਰ ਅੱਪਡੇਟ ਦਾ ਵਿਰੋਧ ਕਿਵੇਂ ਕਰ ਸਕਦੇ ਹਨ।

ਪਾਣੀ ਅਤੇ ਵੇਸਟਵਾਟਰ ਲਈ ਪ੍ਰਸਤਾਵਿਤ ਦਰਾਂ ਬਾਰੇ ਜਨਤਕ ਮੀਟਿੰਗ

ਫ੍ਰੈਜ਼ਨੋ ਸ਼ਹਿਰ (ਸਿਟੀ) ਮੰਗਲਵਾਰ, 29 ਦਸੰਬਰ, 2026 ਨੂੰ ਸਵੇਰੇ 9:00 ਵਜੇ ਇੱਕ ਜਨਤਕ ਸੁਣਵਾਈ ਕਰੇਗੀ, ਜਿਸ ਵਿੱਚ ਅਗਲੇ ਪੰਜ ਸਾਲਾਂ (1 ਜਨਵਰੀ, 2027 ਤੋਂ 30 ਜੂਨ, 2031 ਤੱਕ) ਲਈ ਪਾਣੀ ਅਤੇ ਵੇਸਟਵਾਟਰ ਸੇਵਾਵਾਂ ਦੀਆਂ ਦਰਾਂ ਦੀ ਸੂਚੀ ਵਿੱਚ ਪ੍ਰਸਤਾਵਿਤ ਅੱਪਡੇਟਾਂ ਅਤੇ ਵਾਧਿਆਂ ਨੂੰ ਅਪਣਾਉਣ 'ਤੇ ਵਿਚਾਰ ਕੀਤਾ ਜਾਵੇਗਾ। ਪ੍ਰਸਤਾਵਿਤ ਦਰ ਸਮਾਯੋਜਨ ਸ਼ਹਿਰ ਤੋਂ ਪਾਣੀ, ਵੇਸਟਵਾਟਰ, ਜਾਂ ਦੋਵੇਂ ਸੇਵਾਵਾਂ ਪ੍ਰਾਪਤ ਕਰਨ ਵਾਲੇ ਸਾਰੇ ਪਲਾਟਾਂ 'ਤੇ ਲਾਗੂ ਹੋਣਗੇ। ਜੇਕਰ ਜਨਤਕ ਸੁਣਵਾਈ ਦੇ ਸਮਾਪਤ ਹੋਣ ਤੋਂ ਪਹਿਲਾਂ, ਪਾਣੀ ਜਾਂ ਵੇਸਟਵਾਟਰ ਉਪਯੋਗਤਾ ਸੇਵਾਵਾਂ ਵਿੱਚੋਂ ਕਿਸੇ ਇੱਕ ਲਈ ਪਲਾਟ ਦੇ ਬਹੁਮਤ ਵੱਲੋਂ ਪ੍ਰਸਤਾਵਿਤ ਦਰ ਅੱਪਡੇਟਾਂ ਦੇ ਵਿਰੁੱਧ ਵੈਧ ਲਿਖਤੀ ਵਿਰੋਧ ਪੇਸ਼ ਕੀਤੇ ਜਾਂਦੇ ਹਨ, ਤਾਂ ਸ਼ਹਿਰ ਕੌਂਸਲ ਉਸ ਖ਼ਾਸ ਉਪਯੋਗਤਾ ਲਈ ਪ੍ਰਸਤਾਵਿਤ ਦਰ ਯੋਜਨਾ(ਵਾਂ) ਲਾਗੂ ਨਹੀਂ ਕਰੇਗੀ, ਜਿਸ ਦੇ ਵਿਰੁੱਧ ਬਹੁਮਤ ਵਲੋਂ ਇਤਰਾਜ਼ ਪ੍ਰਾਪਤ ਹੋਏ ਹਨ। ਜੇਕਰ ਪ੍ਰਸਤਾਵਿਤ ਪਾਣੀ ਜਾਂ ਵੇਸਟਵਾਟਰ ਉਪਯੋਗਤਾ ਦਰ ਅੱਪਡੇਟ ਦਾ ਵਿਰੋਧ ਪਲਾਟ ਦੇ ਬਹੁਮਤ ਤੋਂ ਘੱਟ ਵੱਲੋਂ ਕੀਤਾ ਜਾਂਦਾ ਹੈ, ਤਾਂ ਸ਼ਹਿਰ ਕੌਂਸਲ ਪ੍ਰਸਤਾਵਿਤ ਦਰ ਯੋਜਨਾਵਾਂ ਨੂੰ ਅਪਣਾਉਣ 'ਤੇ ਵਿਚਾਰ ਕਰ ਸਕਦੀ ਹੈ। ਜਾਇਦਾਦ ਦੇ ਮਾਲਕ ਜਾਂ ਰਿਕਾਰਡ ਵਿੱਚ ਦਰਜ ਗਾਹਕ ਪਾਣੀ ਅਤੇ/ਜਾਂ ਵੇਸਟਵਾਟਰ ਦਰਾਂ ਦੀ ਅੱਪਡੇਟ ਦੇ ਵਿਰੁੱਧ ਲਿਖਤੀ ਵਿਰੋਧ ਜਮ੍ਹਾਂ ਕਰਵਾ ਸਕਦੇ ਹਨ, ਪਰ ਪ੍ਰਤੀ ਪਲਾਟ ਸਿਰਫ਼ ਇੱਕ ਇਤਰਾਜ਼ ਹੀ ਗਿਣਿਆ ਜਾਵੇਗਾ। ਪ੍ਰਸਤਾਵਿਤ ਦਰ ਵਾਧਿਆਂ ਬਾਰੇ ਵਾਧੂ ਜਾਣਕਾਰੀ ਇਸ ਨੋਟਿਸ ਵਿੱਚ ਅਤੇ **www.fresno.gov/prop218** 'ਤੇ ਉਪਲਬਧ ਹੈ।

ਪਾਣੀ ਅਤੇ ਵੇਸਟਵਾਟਰ ਲਈ ਜ਼ਿੰਮੇਵਾਰਾਨਾ ਦਰ ਵਾਧੇ

ਫ੍ਰੈਜ਼ਨੋ ਸ਼ਹਿਰ ਪਾਣੀ ਅਤੇ ਵੇਸਟਵਾਟਰ ਦਰ ਦੀਆਂ ਸੂਚੀਆਂ ਵਿੱਚ ਪੰਜ-ਸਾਲਾਂ ਦਰ ਸਮਾਯੋਜਨ ਦਾ ਪ੍ਰਸਤਾਵ ਰੱਖ ਰਹੀ ਹੈ। ਇਹ ਦਰ ਸਮਾਯੋਜਨ ਸ਼ਹਿਰ ਨੂੰ ਭਰੋਸੇਯੋਗ ਅਤੇ ਲਚਕੀਲੀਆਂ ਪਾਣੀ ਅਤੇ ਵੇਸਟਵਾਟਰ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਣ ਵਿੱਚ, ਅਤੇ ਸ਼ਹਿਰ ਦੇ ਪਾਣੀ ਅਤੇ ਵੇਸਟਵਾਟਰ ਸਿਸਟਮਾਂ ਦੀ, ਜੋ ਜਨਤਕ ਸਿਹਤ ਅਤੇ ਵਾਤਾਵਰਣ ਦੀ ਰੱਖਿਆ ਕਰਦੇ ਹਨ, ਜ਼ਿੰਮੇਵਾਰੀ ਨਾਲ ਸੰਭਾਲ ਕਰਨ ਵਿੱਚ ਮਦਦ ਕਰਨਗੇ।

ਪ੍ਰਸਤਾਵਿਤ ਦਰ ਵਿੱਚ ਵਾਧਿਆਂ ਦੇ ਕਾਰਨ

ਗਾਹਕ ਦਰਾਂ ਸਿੱਧੇ ਤੌਰ 'ਤੇ ਪਾਣੀ ਅਤੇ ਵੇਸਟਵਾਟਰ ਉਪਯੋਗਤਾ ਸੇਵਾਵਾਂ ਪ੍ਰਦਾਨ ਕਰਨ ਦੀ ਲਾਗਤ ਨੂੰ ਪੂਰਾ ਕਰਦੀਆਂ ਹਨ। ਸ਼ਹਿਰ ਨੂੰ ਸੇਵਾ ਪ੍ਰਦਾਨ ਕਰਨ ਲਈ ਲਈਆਂ ਜਾਣ ਵਾਲੀਆਂ ਦਰਾਂ ਤੋਂ ਮੁਨਾਫ਼ਾ ਕਮਾਉਣ ਦੀ ਮਨਾਹੀ ਹੈ। ਇਨ੍ਹਾਂ ਸੇਵਾਵਾਂ ਨੂੰ ਪ੍ਰਦਾਨ ਕਰਨ ਦੀ ਲਾਗਤ ਲਗਾਤਾਰ ਵਧ ਰਹੀ ਹੈ। ਸ਼ਹਿਰ ਨੇ ਬਜਟ ਪ੍ਰਕਿਰਿਆ ਦੌਰਾਨ ਮਾਲੀਆ ਲੋੜਾਂ ਦਾ ਮੁਲਾਂਕਣ ਕੀਤਾ ਗਿਆ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਸੇਵਾ ਦੀ ਲਾਗਤ ਪੂਰੀ ਕਰਨ ਲਈ ਮੌਜੂਦਾ ਦਰਾਂ ਨੂੰ ਅੱਪਡੇਟ ਕਰਨ ਦੀ ਲੋੜ ਹੈ ਜਾਂ ਨਹੀਂ। ਸ਼ਹਿਰ ਨੇ ਇਹ ਨਿਰਧਾਰਤ ਕੀਤਾ ਕਿ ਕੀ ਪਾਣੀ ਅਤੇ ਵੇਸਟਵਾਟਰ ਦੋਵਾਂ ਲਈ ਦਰਾਂ ਭਵਿੱਖ ਦੀਆਂ ਸੰਚਾਲਨ ਅਤੇ ਰੱਖ-ਰਖਾਅ ਗਤੀਵਿਧੀਆਂ ਦੀ ਅਨੁਮਾਨਿਤ ਲਾਗਤ ਨੂੰ ਪੂਰਾ ਕਰਨ, ਅਤੇ ਜ਼ਰੂਰੀ ਪੂੰਜੀ ਸੁਧਾਰਾਂ ਲਈ ਫੰਡ ਦੇਣ ਲਈ ਨਾਕਾਫ਼ੀ ਹਨ। ਸ਼ਹਿਰ ਕੌਂਸਲ ਸੰਚਾਲਨ ਅਤੇ ਰੱਖ-ਰਖਾਅ ਦੀਆਂ ਲਾਗਤਾਂ ਨੂੰ ਪੂਰਾ ਕਰਨ ਅਤੇ ਸੇਵਾ ਦੇ ਪੱਧਰ ਨੂੰ ਬਣਾਈ ਰੱਖਣ ਜਾਂ ਸੁਧਾਰਨ ਵਾਲੇ ਲੰਮੇ ਸਮੇਂ ਦੇ ਪੂੰਜੀ ਪ੍ਰੋਜੈਕਟ ਲਈ ਫੰਡ ਦੇਣ ਲਈ ਦਰਾਂ, ਫੀਸਾਂ ਅਤੇ ਖ਼ਰਚੇ ਨਿਰਧਾਰਤ ਕਰਦੀ ਹੈ। ਪਿਛਲੇ ਦਰ ਦੀਆਂ ਅੱਪਡੇਟ ਤੋਂ ਬਾਅਦ ਵਧੀਆਂ ਲਾਗਤਾਂ ਨੂੰ ਪੂਰਾ ਕਰਨ ਲਈ ਹੁਣ ਦਰਾਂ ਨੂੰ ਅੱਪਡੇਟ ਕਰਨ ਦੀ ਲੋੜ ਹੈ।

ਦਰਾਂ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ

ਪਾਣੀ ਅਤੇ ਵੇਸਟਵਾਟਰ ਸੇਵਾਵਾਂ ਲਈ ਲਈਆਂ ਜਾਣ ਵਾਲੀਆਂ ਦਰਾਂ 'ਤੇ ਸੇਵਾਵਾਂ ਪ੍ਰਦਾਨ ਕਰਨ ਦੀ ਸ਼ਹਿਰ ਦੀ ਲਾਗਤ ਨੂੰ ਸਹੀ ਢੰਗ ਨਾਲ ਪੂਰਾ ਕਰਨਾ ਜ਼ਰੂਰੀ ਹੈ ਅਤੇ ਉਹ ਇਸ ਤੋਂ ਵੱਧ ਨਹੀਂ ਹੋ ਸਕਦੀਆਂ। ਪਾਣੀ ਅਤੇ ਵੇਸਟਵਾਟਰ ਸੇਵਾਵਾਂ ਪ੍ਰਦਾਨ ਕਰਨ ਦੀ ਕੁੱਲ ਲਾਗਤ ਦੀ ਗਣਨਾ ਕਰਨ ਅਤੇ ਉਨ੍ਹਾਂ ਲਾਗਤਾਂ ਨੂੰ ਗਾਹਕ ਸ਼੍ਰੇਣੀਆਂ ਵਿੱਚ ਅਨੁਪਾਤਕ ਤੌਰ 'ਤੇ ਵੰਡਣ ਲਈ ਪਾਣੀ ਅਤੇ ਵੇਸਟਵਾਟਰ ਉਪਯੋਗਤਾਵਾਂ ਦੇ ਵਿਆਪਕ ਸੇਵਾ-ਲਾਗਤ ਅਧਿਐਨ ਕਰਵਾਏ ਸਨ। ਪਾਣੀ ਅਤੇ ਵੇਸਟਵਾਟਰ ਸੇਵਾਵਾਂ ਲਈ ਪੂੰਜੀ, ਸੰਚਾਲਨ ਅਤੇ ਰੱਖ-ਰਖਾਅ ਖ਼ਰਚਿਆਂ ਦੇ ਪੰਜ-ਸਾਲਾਂ ਅਨੁਮਾਨਾਂ ਦੀ ਵਰਤੋਂ ਅਜਿਹੀਆਂ ਦਰਾਂ ਬਣਾਉਣ ਲਈ ਕੀਤੀ ਗਈ ਜੋ ਸਿਸਟਮ ਦੇ ਵਿਅਕਤੀਗਤ ਵਰਤੋਂਕਾਰਾਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਪੱਧਰ, ਗੁਣਵੱਤਾ ਅਤੇ ਮਾਤਰਾ ਨਾਲ ਜੁੜੀਆਂ ਅਸਲ ਲਾਗਤਾਂ ਦੀ ਵਸੂਲੀ ਕਰਕੇ ਪ੍ਰਸਤਾਵ 218 ਦੀ ਪਾਲਣਾ ਕਰਦੀਆਂ ਹਨ। ਅੰਤਿਮ ਜਲ ਉਪਯੋਗਤਾ ਵਿੱਤੀ ਯੋਜਨਾ ਅਤੇ ਦਰ ਅਧਿਐਨ (ਜਲ ਰਿਪੋਰਟ) ਅਤੇ ਵੇਸਟਵਾਟਰ ਉਪਯੋਗਤਾ ਵਿੱਤੀ ਯੋਜਨਾ ਅਤੇ ਦਰ ਅਧਿਐਨ (ਵੇਸਟਵਾਟਰ ਰਿਪੋਰਟ) ਸਮੀਖਿਆ ਲਈ www.fresno.gov/prop218 'ਤੇ ਉਪਲਬਧ ਹਨ। ਦਰ ਦੀ ਰਿਪੋਰਟ ਦੀ ਕਾਪੀ ਡਾਕ ਰਾਹੀਂ ਪ੍ਰਾਪਤ ਕਰਨ ਲਈ ਕਿਰਪਾ ਕਰਕੇ (559) 621-8218 'ਤੇ ਕਾਲ ਕਰੋ।

ਪਾਣੀ ਦੀਆਂ ਦਰਾਂ ਦੀ ਅੱਪਡੇਟ

ਸ਼ਹਿਰ ਵਲੋਂ ਦਰਾਂ ਵਿੱਚ ਵਾਧਾ ਕਰਨ ਦਾ ਪ੍ਰਸਤਾਵ ਦਿੱਤਾ ਜਾ ਰਿਹਾ ਹੈ ਤਾਂ ਜੋ ਚੱਲ ਰਹੀਆਂ ਅਤੇ ਵਿਸਤ੍ਰਿਤ ਸੰਚਾਲਨ ਅਤੇ ਰੱਖ-ਰਖਾਅ ਗਤੀਵਿਧੀਆਂ ਦੀਆਂ ਵਧੀਆਂ ਲਾਗਤਾਂ ਨੂੰ ਪੂਰਾ ਕੀਤਾ ਜਾ ਸਕੇ, ਭਾਈਚਾਰੇ ਨੂੰ ਪੀਣ ਯੋਗ ਪਾਣੀ ਦੀ ਸਫ਼ਾਈ ਅਤੇ ਵੰਡ ਕਰਨ ਵਾਲੀਆਂ ਸਹੂਲਤਾਂ ਅਤੇ ਪਾਈਪਲਾਈਨਾਂ ਵਿੱਚ ਵਧੇ ਹੋਏ ਪੂੰਜੀ ਨਿਵੇਸ਼ ਫੰਡ ਮੁਹੱਈਆ ਕਰਵਾਇਆ ਜਾ ਸਕੇ, ਅਤੇ ਐਮਰਜੈਂਸੀ ਜਾਂ ਅਣਕਿਆਸੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਸੰਚਾਲਨ ਰਿਜ਼ਰਵ ਵਿੱਚ ਵਾਧੂ ਯੋਗਦਾਨ ਦਿੱਤਾ ਜਾ ਸਕੇ। ਪੂੰਜੀ ਨਿਵੇਸ਼ਾਂ ਵਿੱਚ ਪਾਣੀ ਵੰਡ ਕਰਨ ਵਾਲੀਆਂ ਪਾਈਪਲਾਈਨਾਂ ਦੀ ਤਬਦੀਲੀ, ਭੂਮੀਗਤ ਪਾਣੀ ਦੇ ਉਤਪਾਦਨ ਵਾਲੇ ਖੂਹਾਂ ਦਾ ਨਵੀਨੀਕਰਨ ਅਤੇ ਉਨ੍ਹਾਂ ਨੂੰ ਬਦਲਣਾ, ਸਤਹੀ ਪਾਣੀ ਸੋਧ ਪਲਾਂਟ ਦੇ ਉਪਕਰਨਾਂ ਨੂੰ ਬਦਲਣਾ, ਭੂਮੀਗਤ ਪਾਣੀ ਰੀਚਾਰਜ ਸਹੂਲਤਾਂ ਵਿੱਚ ਸੁਧਾਰ ਕਰਨਾ, ਅਤੇ ਪਾਣੀ ਦੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਤੇ ਬਦਲੀ ਅਤੇ ਸਿਸਟਮ ਦੇ ਸੰਭਾਵੀ ਵਿਸਤਾਰ ਲਈ ਮਾਸਟਰ ਪਲਾਨਿੰਗ ਅਧਿਐਨ ਸ਼ਾਮਲ ਹਨ। ਪ੍ਰਸਤਾਵਿਤ ਦਰਾਂ ਰਾਹੀਂ ਫੰਡ ਪ੍ਰਾਪਤ ਕਰਨ ਲਈ ਯੋਜਨਾਬੱਧ ਸ਼ਹਿਰ ਦੇ ਸੰਚਾਲਨ ਅਤੇ ਰੱਖ-ਰਖਾਅ ਦੇ ਖ਼ਰਚਿਆਂ ਅਤੇ ਪੂੰਜੀ ਸੁਧਾਰ ਲਾਗਤਾਂ ਦਾ ਵੇਰਵਾ ਜਲ ਰਿਪੋਰਟ ਵਿੱਚ ਦਿੱਤਾ ਗਿਆ ਹੈ।

ਪਾਣੀ ਦਰ ਢਾਂਚੇ ਵਿੱਚ ਕੋਈ ਤਬਦੀਲੀ ਪ੍ਰਸਤਾਵਿਤ ਨਹੀਂ ਹੈ। ਪਾਣੀ ਦੀਆਂ ਦਰਾਂ ਪਹਿਲਾਂ ਵਾਂਗ ਇੱਕਸਾਰ ਮਾਤਰਾ ਅਨੁਸਾਰ ਖ਼ਰਚੇ ਅਤੇ ਨਿਸ਼ਚਿਤ ਮਹੀਨਾਵਾਰ ਮੀਟਰ ਸੇਵਾ ਖ਼ਰਚੇ ਦੇ ਰੂਪ ਵਿੱਚ ਲਈਆਂ ਜਾਂਦੀਆਂ ਰਹਿਣਗੀਆਂ।

ਵੇਸਟਵਾਟਰ ਦਰਾਂ ਦੀ ਅੱਪਡੇਟ

ਵੇਸਟਵਾਟਰ ਸਿਸਟਮ ਨੂੰ ਚਲਾਉਣ ਅਤੇ ਸੰਭਾਲਣ ਦੀ ਸ਼ਹਿਰ ਦੀ ਲਾਗਤ ਵਧ ਗਈ ਹੈ, ਜਿਸ ਵਿੱਚ ਸਟਾਫ਼, ਊਰਜਾ, ਸੋਧ ਰਸਾਇਣਾਂ, ਰੈਗੂਲੇਟਰੀ ਪਾਲਣਾ, ਕਰਜ਼ਾ ਸੇਵਾ, ਅਤੇ ਪੁਰਾਣੇ ਸੋਧ ਅਤੇ ਸੰਗ੍ਰਹਿ-ਸਿਸਟਮ ਬੁਨਿਆਦੀ ਢਾਂਚੇ ਦੀ ਮੁਰੰਮਤ ਅਤੇ ਬਦਲੀ ਦੀਆਂ ਲਾਗਤਾਂ ਸ਼ਾਮਲ ਹਨ।

ਸ਼ਹਿਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵੇਸਟਵਾਟਰ ਇਕੱਠਾ ਕਰਨ ਅਤੇ ਸੋਧਣ ਨਾਲ ਜੁੜੀਆਂ ਸਾਰੀਆਂ ਲਾਗਤਾਂ ਇਸਦੇ ਸੇਵਾ ਖੇਤਰ ਦੀਆਂ ਸਾਰੀਆਂ ਗਾਹਕ ਸ਼੍ਰੇਣੀਆਂ, ਜਿਨ੍ਹਾਂ ਵਿੱਚ ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਗਾਹਕ ਸ਼ਾਮਲ ਹਨ, ਵਿੱਚ ਅਨੁਪਾਤਕ ਤੌਰ 'ਤੇ ਵੰਡੀਆਂ ਜਾਣ। ਇਸ ਲਈ ਇਸ ਦਰ ਸਮਾਯੋਜਨ ਅਤੇ ਅਪਣਾਉਣ ਦੀ ਪ੍ਰਕਿਰਿਆ ਰਾਹੀਂ ਵੇਸਟਵਾਟਰ ਦਰਾਂ ਨੂੰ ਸੇਵਾ ਦੀ ਲਾਗਤ ਨਾਲ ਮੇਲ ਖਾਂਦਾ ਕਰਨ ਲਈ ਦਰ ਸਮਾਯੋਜਿਤ ਕਰਨੇ ਜ਼ਰੂਰੀ ਹਨ। ਵੇਸਟਵਾਟਰ ਰਿਪੋਰਟ ਦੇ ਹਿੱਸੇ ਵਜੋਂ ਕੀਤੇ ਗਏ ਸੇਵਾ-ਲਾਗਤ ਵਿਸ਼ਲੇਸ਼ਣ ਰਾਹੀਂ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਪ੍ਰਸਤਾਵ 218 ਅਤੇ ਹੋਰ ਲਾਗੂ ਰਾਜ ਕਾਨੂੰਨਾਂ ਦੀ ਪਾਲਣਾ ਕਰਦੇ ਹੋਏ ਹਰੇਕ ਗਾਹਕ ਸ਼੍ਰੇਣੀ ਨੂੰ ਸੇਵਾ ਦੀ ਲਾਗਤ ਅਨੁਪਾਤਕ ਤੌਰ 'ਤੇ ਅਲਾਟ ਕਰਨ ਲਈ ਸ਼ਹਿਰ ਦੇ ਦਰਾਂ ਦੇ ਢਾਂਚੇ ਨੂੰ ਮੁੜ ਵਿਵਸਥਿਤ ਕਰਨਾ ਜ਼ਰੂਰੀ ਹੈ। ਇਸ ਕਾਰਨ, ਦਰ ਅੱਪਡੇਟਾਂ ਦਾ ਹਰੇਕ ਗਾਹਕ ਸ਼੍ਰੇਣੀ 'ਤੇ ਵੱਖਰਾ ਪ੍ਰਭਾਵ ਪਵੇਗਾ।

ਪ੍ਰਸਤਾਵਿਤ ਦਰਾਂ ਚੱਲ ਰਹੀਆਂ ਅਤੇ ਵਿਸਤ੍ਰਿਤ ਸੰਚਾਲਨ ਅਤੇ ਰੱਖ-ਰਖਾਅ ਦੀ ਗਤੀਵਿਧੀਆਂ ਦੀਆਂ ਵਧੀਆਂ ਲਾਗਤਾਂ, ਫ੍ਰੈਜ਼ਨੋ-ਕਲੋਵਿਸ ਖੇਤਰੀ ਵੇਸਟਵਾਟਰ ਪੁਨਰ-ਪ੍ਰਾਪਤੀ ਸਹੂਲਤ (RWRF) ਅਤੇ ਸੀਵਰ ਸੰਗ੍ਰਹਿ ਸਿਸਟਮ ਵਿੱਚ ਲੋੜੀਂਦੇ ਸੁਧਾਰਾਂ, ਅਤੇ ਐਮਰਜੈਂਸੀ ਜਾਂ ਅਣਕਿਆਸੇ ਖ਼ਰਚਿਆਂ ਲਈ ਸੰਚਾਲਨ ਰਿਜ਼ਰਵ ਵਿੱਚ ਵਾਧੂ ਯੋਗਦਾਨ ਲਈ ਫੰਡ ਮੁਹੱਈਆ ਕਰਵਾਏ ਜਾਣਗੇ। ਪ੍ਰਸਤਾਵਿਤ ਦਰਾਂ ਰਾਹੀਂ ਜਿਨ੍ਹਾਂ ਸੰਚਾਲਨ ਅਤੇ ਰੱਖ-ਰਖਾਅ ਦੇ ਖ਼ਰਚਿਆਂ ਅਤੇ ਪੂੰਜੀ ਸੁਧਾਰ ਲਾਗਤਾਂ ਨੂੰ ਪੂਰਾ ਕਰਨ ਦੀ ਵੀ ਯੋਜਨਾ ਹੈ, ਅਤੇ ਪ੍ਰਸਤਾਵਿਤ ਦਰਾਂ ਵਿੱਚ ਸੇਵਾ-ਲਾਗਤ ਸਮਾਯੋਜਨਾਂ ਦਾ ਵੇਰਵਾ ਵੇਸਟਵਾਟਰ ਰਿਪੋਰਟ ਵਿੱਚ ਦਿੱਤਾ ਗਿਆ ਹੈ।

ਕੀਮਤੀ ਪਾਣੀ ਅਤੇ ਵੇਸਟਵਾਟਰ ਸੇਵਾ ਪ੍ਰਦਾਨ ਕਰਨਾ

ਫ੍ਰੈਜ਼ਨੋ ਜਨਤਕ ਉਪਯੋਗਤਾ ਜ਼ਰੂਰੀ ਪਾਣੀ, ਵੇਸਟਵਾਟਰ ਅਤੇ ਠੋਸ ਕੂੜਾ ਉਪਯੋਗਤਾ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਗਾਹਕ ਸੇਵਾ, ਵਿੱਤੀ ਜ਼ਿੰਮੇਵਾਰੀ ਅਤੇ ਵਾਤਾਵਰਣ ਸੰਭਾਲ ਪ੍ਰਤੀ ਵਚਨਬੱਧ ਹੈ।

ਜਲ ਵਿਭਾਗ ਫ੍ਰੈਜ਼ਨੋ ਅਤੇ ਕਈ ਕਾਉਂਟੀ ਆਈਲੈਂਡ ਵਿੱਚ 114 ਵਰਗ ਮੀਲ ਦੇ ਸੇਵਾ ਖੇਤਰ ਵਿੱਚ 143,000 ਤੋਂ ਵੱਧ ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਗਾਹਕਾਂ ਨੂੰ ਉੱਚ-ਗੁਣਵੱਤਾ ਵਾਲੇ ਅਤੇ ਕਿਫਾਇਤੀ ਪਾਣੀ ਦੀ ਭਰੋਸੇਯੋਗ ਸਪਲਾਈ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। ਸ਼ਹਿਰ ਦੇ ਪਾਣੀ ਸਿਸਟਮ ਵਿੱਚ ਤਿੰਨ ਸਤਹੀ ਪਾਣੀ ਸੋਧ ਸਹੂਲਤਾਂ ਸ਼ਾਮਲ ਹਨ ਜੋ ਪ੍ਰਤੀ ਦਿਨ 87 ਮਿਲੀਅਨ ਗੈਲਨ ਤੱਕ ਪਾਣੀ ਤਿਆਰ ਕਰਨ ਦੇ ਸਮਰੱਥ ਹਨ, ਇਸ ਵਿੱਚ ਨਗਰ ਨਿਗਮ ਦੇ 260 ਉਤਪਾਦਨ ਖੂਹ ਅਤੇ ਭੂਮੀਗਤ ਪਾਣੀ ਰੀਚਾਰਜ ਲਈ 304 ਏਕੜ ਵਿੱਚ ਫੈਲੀਆਂ ਸਹੂਲਤਾਂ ਸ਼ਾਮਲ ਹਨ। ਸ਼ਹਿਰ 1,900 ਮੀਲ ਤੋਂ ਵੱਧ ਪਾਣੀ ਵੰਡ ਪਾਈਪਲਾਈਨਾਂ ਅਤੇ 20,700 ਤੋਂ ਵੱਧ ਆਈਸੋਲੇਸ਼ਨ ਵਾਲਵ, ਤਿੰਨ ਬੂਸਟਰ ਪੰਪ ਸਟੇਸ਼ਨ ਅਤੇ ਤਿੰਨ ਪਾਣੀ ਸਟੋਰੇਜ ਟੈਂਕਾਂ ਦੀ ਸੰਭਾਲ ਕਰਦਾ ਹੈ।

ਵੇਸਟਵਾਟਰ ਪ੍ਰਬੰਧਨ ਵਿਭਾਗ ਫ੍ਰੈਜ਼ਨੋ ਅਤੇ ਕਈ ਕਾਉਂਟੀ ਆਈਲੈਂਡ ਵਿੱਚ 114 ਵਰਗ ਮੀਲ ਦੇ ਸੇਵਾ ਖੇਤਰ ਵਿੱਚ 141,000 ਤੋਂ ਵੱਧ ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਵੇਸਟਵਾਟਰ ਗਾਹਕਾਂ ਵੱਲੋਂ ਪ੍ਰਾਪਤ ਕੀਤੇ ਵੇਸਟਵਾਟਰ ਦੇ ਸੰਗ੍ਰਹਿ, ਆਵਾਜਾਈ, ਸੋਧ ਅਤੇ ਪੁਨਰ-ਪ੍ਰਾਪਤੀ ਲਈ ਜ਼ਿੰਮੇਵਾਰ ਹੈ। ਸ਼ਹਿਰ ਦੇ ਸੰਗ੍ਰਹਿ ਸਿਸਟਮ ਵਿੱਚ ਲਗਭਗ 1,600 ਮੀਲ ਗ੍ਰੈਵਿਟੀ ਸੀਵਰ, ਲਗਭਗ 26,000 ਮੈਨਹੋਲ, 17 ਲਿਫਟ ਸਟੇਸ਼ਨ, 11 ਮੀਲ ਸੰਬੰਧਿਤ ਫੋਰਸ ਮੇਨਾਂ, ਅਤੇ 58 ਜੰਕਸ਼ਨ ਢਾਂਚੇ/ਪ੍ਰਵਾਹ ਡਾਇਵਰਸ਼ਨ ਸ਼ਾਮਲ ਹਨ ਜੋ ਵੇਸਟਵਾਟਰ ਨੂੰ ਇਕੱਠਾ ਕਰਕੇ RWRF ਤੱਕ ਪਹੁੰਚਾਉਂਦੇ ਹਨ। ਇਸ ਤੋਂ ਇਲਾਵਾ, RWRF ਕੈਲੀਫੋਰਨੀਆ ਦੀ ਸੱਤਵੀਂ ਸਭ ਤੋਂ ਵੱਡੀ ਵੇਸਟਵਾਟਰ ਸੋਧ ਸਹੂਲਤ ਹੈ ਅਤੇ ਲਗਭਗ 56 ਮਿਲੀਅਨ ਗੈਲਨ ਪ੍ਰਤੀ ਦਿਨ ਵੇਸਟਵਾਟਰ ਦੀ ਸੋਧ ਕਰਦੀ ਹੈ ਅਤੇ ਇਸ ਵਿੱਚ ਭੂਮੀਗਤ ਪਾਣੀ ਰੀਚਾਰਜ ਲਈ 1,750 ਏਕੜ ਵਿੱਚ ਫੈਲੇ ਤਲਾਬ ਸ਼ਾਮਲ ਹਨ। ਵੇਸਟਵਾਟਰ ਸੋਧ, ਪੁਨਰ-ਪ੍ਰਾਪਤੀ ਅਤੇ ਰੀਸਾਈਕਲ ਕੀਤੇ ਪਾਣੀ ਦੀਆਂ ਸਹੂਲਤਾਂ ਅਤੇ ਸੰਗ੍ਰਹਿ ਸਿਸਟਮ ਬੁਨਿਆਦੀ ਢਾਂਚੇ ਦੇ ਕੁਸ਼ਲ ਅਤੇ ਨਵੀਨਤਮ ਸੰਚਾਲਨ ਅਤੇ ਰੱਖ-ਰਖਾਅ ਰਾਹੀਂ, ਵੇਸਟਵਾਟਰ ਪ੍ਰਬੰਧਨ ਵਿਭਾਗ ਗਾਹਕਾਂ ਨੂੰ ਭਰੋਸੇਯੋਗ ਸੇਵਾਵਾਂ ਪ੍ਰਦਾਨ ਕਰਦਾ ਹੈ, ਜਨਤਕ ਸਿਹਤ ਦੀ ਰੱਖਿਆ ਕਰਦਾ ਹੈ ਅਤੇ ਨਾਲ ਹੀ ਵਾਤਾਵਰਣਕ ਲੋੜਾਂ ਨੂੰ ਵੀ ਪੂਰਾ ਕਰਦਾ ਹੈ।

ਦਰ ਅੱਪਡੇਟਾਂ ਦਾ ਗਾਹਕਾਂ ਲਈ ਕੀ ਮਤਲਬ ਹੈ

1 ਜਨਵਰੀ, 2027 ਤੋਂ, ਇੱਕ ਔਸਤ ਇਕਹਿਰੇ-ਪਰਿਵਾਰ ਰਿਹਾਇਸ਼ੀ ਗਾਹਕ ਨੂੰ ਆਪਣੇ ਕੁੱਲ ਮਹੀਨਾਵਾਰ ਉਪਯੋਗਤਾ ਬਿੱਲ ਵਿੱਚ ਹੇਠ ਲਿਖੇ ਪ੍ਰਭਾਵ ਦਿਖਾਈ ਦੇਣਗੇ:

- 1.0-ਇੰਚ ਵਾਟਰ ਮੀਟਰ ਵਾਲੇ ਪਾਣੀ ਦੇ ਗਾਹਕਾਂ ਲਈ $1.77 ਦਾ ਵਾਧਾ
- ਵੇਸਟਵਾਟਰ ਗਾਹਕਾਂ ਲਈ $0.95 ਦੀ ਕਮੀ

ਗਾਹਕਾਂ 'ਤੇ ਪ੍ਰਭਾਵ ਘਟਾਉਣ ਪ੍ਰਤੀ ਸ਼ਹਿਰ ਦੀ ਵਚਨਬੱਧਤਾ

ਭਾਵੇਂ ਸ਼ਹਿਰ ਅਜਿਹੀਆਂ ਦਰਾਂ ਨਿਰਧਾਰਤ ਕਰਨ ਲਈ ਜ਼ਿੰਮੇਵਾਰ ਹੈ ਜੋ ਹਰੇਕ ਉਪਯੋਗਤਾ ਦੀ ਸੇਵਾ ਲਾਗਤ ਨੂੰ ਪੂਰਾ ਕਰਨ, ਫਿਰ ਵੀ ਸ਼ਹਿਰ ਗਾਹਕਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਸਮਝਦੀ ਹੈ ਅਤੇ ਫ੍ਰੈਜ਼ਨੋ ਜਨਤਕ ਉਪਯੋਗਤਾ ਦੇ ਪ੍ਰਬੰਧਨ ਲਈ ਜ਼ਿੰਮੇਵਾਰਾਨਾ ਵਿੱਤੀ ਫ਼ੈਸਲੇ ਲੈਣ ਲਈ ਸਖ਼ਤ ਮਿਹਨਤ ਕਰ ਰਹੀ ਹੈ। ਸ਼ਹਿਰ ਦੀਆਂ ਦਰਾਂ ਨੂੰ ਸਮੇਂ ਦੇ ਨਾਲ ਵੱਧ ਤੋਂ ਵੱਧ ਇੱਕਸਾਰ ਰੱਖਣ ਦੀ ਕੋਸ਼ਿਸ਼ ਕਰਨ ਲਈ ਵੀ ਸਖ਼ਤ ਮਿਹਨਤ ਕਰ ਰਹੀ ਹੈ।

ਉਦਾਹਰਨ ਵਜੋਂ, ਸ਼ਹਿਰ ਨੇ RWRF ਵਿੱਚ, ਅਤੇ ਦੱਖਣ-ਪੂਰਬੀ ਅਤੇ ਉੱਤਰ-ਪੂਰਬੀ ਸਤਹੀ ਪਾਣੀ ਸੋਧ ਸਹੂਲਤਾਂ ਵਿੱਚ, ਸਮਾਰਟ ਬੈਟਰੀ ਸਟੋਰੇਜ ਵਾਲੇ ਤਿੰਨ ਸੋਲਰ ਊਰਜਾ ਪ੍ਰੋਜੈਕਟ ਪੂਰੇ ਕੀਤੇ ਹਨ। ਇਹ ਤਿੰਨ ਊਰਜਾ ਪ੍ਰੋਜੈਕਟ ਸ਼ਹਿਰ ਦੀ ਨਵੀਨਤਮ ਊਰਜਾ ਰਣਨੀਤੀ ਦਾ ਆਧਾਰ ਹਨ, ਜਿਸਦਾ ਉਦੇਸ਼ ਊਰਜਾ ਲਾਗਤ ਵਿੱਚ ਮਹੱਤਵਪੂਰਨ ਬੱਚਤ ਕਰਨਾ ਅਤੇ ਬਿਜਲੀ ਗਰਿੱਡ 'ਤੇ ਨਿਰਭਰਤਾ ਨੂੰ ਘਟਾਉਣਾ ਹੈ, ਜਿਸ ਨਾਲ ਉਪਯੋਗਤਾ ਦਰ ਵਾਧਿਆਂ ਦੀ ਲੋੜ ਘਟਾਉਣ ਅਤੇ ਦਰਾਂ ਨੂੰ ਸਮੇਂ ਦੇ ਨਾਲ ਵਧੇਰੇ ਇੱਕਸਾਰ ਰੱਖਣ ਵਿੱਚ ਮਦਦ ਮਿਲੇਗੀ। ਵੇਸਟਵਾਟਰ ਪੱਖੋਂ, ਸ਼ਹਿਰ ਦਾ ਅਨੁਮਾਨ ਹੈ ਕਿ ਸੋਲਰ ਐਰੇ ਦੀ ਵਰਤੋਂ ਦੇ ਪਹਿਲੇ ਸਾਲ ਤੋਂ $3 ਮਿਲੀਅਨ ਤੱਕ ਦੀ ਬੱਚਤ ਹੋਵੇਗੀ।

ਸ਼ਹਿਰ ਨੇ ਲੋੜਵੰਦਾਂ ਦੀ ਮਦਦ ਲਈ ਗ਼ੈਰ-ਦਰ ਆਮਦਨ ਨਾਲ ਫੰਡ ਕੀਤੇ ਕਿਫਾਇਤੀ ਪ੍ਰੋਗਰਾਮ ਵੀ ਵਿਕਸਤ ਕੀਤੇ ਹਨ। ਉਪਯੋਗਤਾ ਕਿਫਾਇਤੀ ਕ੍ਰੈਡਿਟ ਪ੍ਰੋਗਰਾਮ (UACP) ਸ਼ਹਿਰ ਵੱਲੋਂ ਪੇਸ਼ ਕੀਤਾ ਜਾਂਦਾ ਹੈ ਅਤੇ ਯੋਗ ਘੱਟ ਆਮਦਨ ਵਾਲੇ ਪਾਣੀ ਅਤੇ ਰਿਹਾਇਸ਼ੀ ਠੋਸ ਕੂੜਾ ਖਾਤਾ ਧਾਰਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ। ਜੇਕਰ ਵੇਸਟਵਾਟਰ ਦਰਾਂ ਪਾਸ ਹੋ ਜਾਂਦੀਆਂ ਹਨ, ਤਾਂ ਇਹ ਉਪਯੋਗਤਾ ਸੇਵਾ ਪ੍ਰਾਪਤ ਕਰਨ ਵਾਲੇ ਯੋਗ ਖਾਤਿਆਂ ਨੂੰ ਵੀ UACP ਦੀ ਪੇਸ਼ਕਸ਼ ਕੀਤੀ ਜਾਵੇਗੀ। ਸ਼ਹਿਰ ਦਾ UACP ਯੋਗ ਗਾਹਕਾਂ ਲਈ ਪ੍ਰਤੀ ਜ਼ਰੂਰੀ ਉਪਯੋਗਤਾ ਸੇਵਾ $5 ਤੱਕ ਦਾ ਕ੍ਰੈਡਿਟ ਪ੍ਰਦਾਨ ਕਰਦਾ ਹੈ।

ਹੌਲੀ-ਹੌਲੀ ਪਰ ਨਿਯਮਤ ਦਰ ਵਾਧੇ ਫ੍ਰੈਜ਼ਨੋ ਜਨਤਕ ਉਪਯੋਗਤਾ ਦੇ ਸਭ ਤੋਂ ਵਧੀਆ ਪ੍ਰਬੰਧਨ ਦੀ ਵਿਵਸਥਾ ਕਰਦੇ ਹਨ ਅਤੇ ਭਾਈਚਾਰੇ 'ਤੇ ਪ੍ਰਭਾਵ ਨੂੰ ਘੱਟ ਕਰਦੇ ਹਨ।

ਪ੍ਰਸਤਾਵਿਤ ਦਰਾਂ ਵਿੱਚ ਹਿੱਸਾ ਕਿਵੇਂ ਲੈਣਾ ਹੈ ਜਾਂ ਵਿਰੋਧ ਕਿਵੇਂ ਕਰਨਾ ਹੈ

ਪ੍ਰਸਤਾਵਿਤ ਪਾਣੀ ਅਤੇ ਵੇਸਟਵਾਟਰ ਦਰਾਂ ਨੂੰ ਜਾਇਦਾਦ-ਸੰਬੰਧੀ ਫੀਸਾਂ ਅਤੇ ਖ਼ਰਚੇ ਮੰਨਿਆ ਜਾਂਦਾ ਹੈ ਜੋ ਪ੍ਰਸਤਾਵ 218, ਸਰਕਾਰੀ ਕੋਡ ਦੀਆਂ ਧਾਰਾਵਾਂ 53751 ਇਸ ਤੋਂ ਅੱਗੇ, ਅਤੇ 53759 ਇਸ ਤੋਂ ਅੱਗੇ, ਅਤੇ ਹੋਰ ਲਾਗੂ ਕਾਨੂੰਨਾਂ ਦੇ ਅਧੀਨ ਹਨ। ਜਾਇਦਾਦ ਦੇ ਮਾਲਕ ਅਤੇ ਰਿਕਾਰਡ ਵਿੱਚ ਦਰਜ ਗਾਹਕ ਪਾਣੀ ਅਤੇ ਵੇਸਟਵਾਟਰ ਦਰਾਂ ਨੂੰ ਅਪਣਾਉਣ ਦੀ ਪ੍ਰਕਿਰਿਆ ਵਿੱਚ ਕਈ ਤਰੀਕਿਆਂ ਨਾਲ ਹਿੱਸਾ ਲੈ ਸਕਦੇ ਹਨ।

1. ਪ੍ਰਸਤਾਵਿਤ ਪਾਣੀ ਅਤੇ ਵੇਸਟਵਾਟਰ ਦਰ ਵਿੱਚ ਤਬਦੀਲੀਆਂ ਬਾਰੇ ਜਾਣੋ - ਪ੍ਰਸਤਾਵਿਤ ਪਾਣੀ ਅਤੇ ਵੇਸਟਵਾਟਰ ਦਰਾਂ ਬਾਰੇ ਜਾਣਕਾਰੀ ਅਤੇ ਪ੍ਰਸਤਾਵਿਤ ਦਰਾਂ ਦਾ ਲਿਖਤੀ ਆਧਾਰ, ਜਿਸ ਵਿੱਚ ਜਲ ਰਿਪੋਰਟ ਅਤੇ ਵੇਸਟਵਾਟਰ ਰਿਪੋਰਟ ਸ਼ਾਮਲ ਹਨ, fresno.gov/prop218 'ਤੇ ਉਪਲਬਧ ਹੈ, ਜਾਂ ਤੁਸੀਂ (559) 621-8218 'ਤੇ ਕਾਲ ਕਰਕੇ ਦਰ ਰਿਪੋਰਟ ਦੀਆਂ ਕਾਪੀਆਂ ਪ੍ਰਾਪਤ ਕਰ ਸਕਦੇ ਹੋ।

2. ਜਨਤਕ ਸੁਣਵਾਈ ਵਿੱਚ ਹਿੱਸਾ ਲਓ - 29 ਦਸੰਬਰ, 2026 ਨੂੰ ਸਵੇਰੇ 9:00 ਵਜੇ, ਫ੍ਰੈਜ਼ਨੋ ਸ਼ਹਿਰ ਕੌਂਸਲ ਪ੍ਰਸਤਾਵਿਤ ਦਰਾਂ ਬਾਰੇ ਲਿਖਤੀ ਵਿਰੋਧਾਂ ਸਮੇਤ ਜਨਤਕ ਰਾਇ ਪ੍ਰਾਪਤ ਕਰਨ ਲਈ ਇੱਕ ਜਨਤਕ ਸੁਣਵਾਈ ਕਰੇਗੀ। ਪ੍ਰਸਤਾਵਿਤ ਦਰ ਵਾਧਿਆਂ ਵਿੱਚ ਦਿਲਚਸਪੀ ਰੱਖਣ ਵਾਲਾ ਕੋਈ ਵੀ ਵਿਅਕਤੀ ਜਨਤਕ ਸੁਣਵਾਈ ਵਿੱਚ ਹਾਜ਼ਰ ਹੋ ਸਕਦਾ ਹੈ।

3. ਲਿਖਤੀ ਵਿਰੋਧ ਜਮ੍ਹਾਂ ਕਰੋ - ਪ੍ਰਸਤਾਵ 218 ਇੱਕ "ਬਹੁਮਤ ਵਿਰੋਧ" ਪ੍ਰਕਿਰਿਆ ਹੈ, ਜਿਸ ਰਾਹੀਂ ਕੋਈ ਵੀ ਜਾਇਦਾਦ ਦੇ ਮਾਲਕ ਜਾਂ ਰਿਕਾਰਡ ਵਿੱਚ ਦਰਜ ਗਾਹਕ ਆਪਣੇ ਵੱਲੋਂ ਪ੍ਰਾਪਤ ਕੀਤੀ ਸੇਵਾ (ਪਾਣੀ, ਵੇਸਟਵਾਟਰ, ਜਾਂ ਦੋਵੇਂ) ਲਈ ਪ੍ਰਸਤਾਵਿਤ ਦਰ ਵਾਧਿਆਂ ਦੇ ਵਿਰੁੱਧ ਪ੍ਰਤੀ ਸੇਵਾ ਪਤਾ ਜਾਂ ਅਸੈਸਰ ਦੇ ਪਲਾਟ (ਪਾਰਸਲ) ਨੰਬਰ (APN) ਇੱਕ ਵਿਰੋਧ ਜਮ੍ਹਾਂ ਕਰ ਸਕਦਾ ਹੈ।

a. ਵਿਰੋਧ ਪ੍ਰਕਿਰਿਆ ਨੂੰ ਸੁਖਾਲਾ ਬਣਾਉਣ ਲਈ, ਫ੍ਰੈਜ਼ਨੋ ਸ਼ਹਿਰ ਨੇ ਤੁਹਾਡੇ ਵੱਲੋਂ ਪ੍ਰਾਪਤ ਕੀਤੀ ਹਰੇਕ ਸੇਵਾ ਲਈ ਇੱਕ ਵਿਰੋਧ ਕਾਰਡ ਨੱਥੀ ਕੀਤਾ ਹੈ। ਨੱਥੀ ਕਾਰਡ(ਡਾਂ) ਦੀ ਵਰਤੋਂ ਵਿਕਲਪਿਕ ਹੈ।

ਜੇਕਰ ਤੁਸੀਂ ਪਾਣੀ ਅਤੇ/ਜਾਂ ਵੇਸਟਵਾਟਰ ਦਰ ਵਿੱਚ ਅੱਪਡੇਟ ਦਾ ਵਿਰੋਧ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਿਰਫ਼ ਉਨ੍ਹਾਂ ਸੇਵਾ(ਵਾਂ) ਦੇ ਵਿਰੋਧ ਕਾਰਡ ਵਾਪਸ ਕਰੋ ਜੋ ਤੁਸੀਂ ਪ੍ਰਾਪਤ ਕਰਦੇ ਹੋ:

- ਜਿਹੜੇ ਜਾਇਦਾਦ ਦੇ ਮਾਲਕ ਅਤੇ ਗਾਹਕ ਪਾਣੀ ਅਤੇ ਵੇਸਟਵਾਟਰ ਦੋਵੇਂ ਸੇਵਾਵਾਂ ਪ੍ਰਾਪਤ ਕਰਦੇ ਹਨ, ਉਹ ਜੇਕਰ ਦੋਵਾਂ ਦਰ ਵਾਧਿਆਂ ਦਾ ਵਿਰੋਧ ਕਰਨਾ ਚਾਹੁੰਦੇ ਹਨ ਤਾਂ ਦੋਵੇਂ ਵਿਰੋਧ ਕਾਰਡ ਜਮ੍ਹਾਂ ਕਰ ਸਕਦੇ ਹਨ।
- ਜਿਹੜੇ ਜਾਇਦਾਦ ਦੇ ਮਾਲਕ ਅਤੇ ਗਾਹਕ ਸਿਰਫ਼ ਇੱਕ ਸੇਵਾ ਪ੍ਰਾਪਤ ਕਰਦੇ ਹਨ, ਉਹ ਸਿਰਫ਼ ਉਸ ਸੇਵਾ ਦਾ ਵਿਰੋਧ ਕਾਰਡ ਜਮ੍ਹਾਂ ਕਰ ਸਕਦੇ ਹਨ।

b. ਸ਼ਹਿਰ ਰਿਕਾਰਡ ਮਾਲਕਾਂ ਅਤੇ ਰਿਕਾਰਡ ਵਿੱਚ ਦਰਜ ਗਾਹਕਾਂ, ਦੋਵਾਂ ਤੋਂ ਵਿਰੋਧ ਸਵੀਕਾਰ ਕਰੇਗੀ, ਪਰ ਪ੍ਰਤੀ ਪਲਾਟ ਸਿਰਫ਼ ਇੱਕ ਵਿਰੋਧ ਹੀ ਗਿਣਿਆ ਜਾਵੇਗਾ।

c. ਵਿਰੋਧ ਕਾਰਡ 29 ਦਸੰਬਰ, 2026 ਨੂੰ ਸਵੇਰੇ 9:00 ਵਜੇ ਤੱਕ ਸਿਟੀ ਹਾਲ (2600 ਫ੍ਰੈਜ਼ਨੋ ਸਟ੍ਰੀਟ, ਫ੍ਰੈਜ਼ਨੋ, CA 93721) ਵਿਖੇ ਸਿਟੀ ਕਲਰਕ ਦੇ ਦਫ਼ਤਰ ਨੂੰ ਪ੍ਰਾਪਤ ਹੋਣੇ ਚਾਹੀਦੇ ਹਨ, ਜਾਂ ਜਨਤਕ ਸੁਣਵਾਈ ਦੇ ਸਮਾਪਤ ਹੋਣ ਤੋਂ ਪਹਿਲਾਂ ਜਨਤਕ ਸੁਣਵਾਈ ਵਿੱਚ ਜਮ੍ਹਾਂ ਕਰਵਾਏ ਜਾਣੇ ਚਾਹੀਦੇ ਹਨ।

d. ਜੇਕਰ ਵਿਰੋਧ ਕਾਰਡ ਡਾਕ ਰਾਹੀਂ ਭੇਜ ਰਹੇ ਹੋ, ਤਾਂ ਮਾਲਕ ਜਾਂ ਗਾਹਕਾਂ ਨੂੰ ਵਿਰੋਧ ਕਾਰਡ ਡਾਕ ਰਾਹੀਂ ਭੇਜਣ ਤੋਂ ਪਹਿਲਾਂ ਦਿੱਤੇ ਲਿਫ਼ਾਫ਼ੇ 'ਤੇ ਡਾਕ ਟਿਕਟ ਲਗਾਉਣੀ ਲਾਜ਼ਮੀ ਹੈ। ਵਿਕਲਪਕ ਤੌਰ 'ਤੇ, ਵਿਰੋਧ ਕਾਰਡ ਹੱਥੀਂ ਪਹੁੰਚਾਏ ਜਾ ਸਕਦੇ ਹਨ।

e. ਈਮੇਲ ਜਾਂ ਫੈਕਸ ਰਾਹੀਂ ਭੇਜੇ ਵਿਰੋਧ ਕਾਰਡ ਸਵੀਕਾਰ ਨਹੀਂ ਕੀਤੇ ਜਾਣਗੇ।

f. ਵਿਰੋਧ ਕਾਰਡ ਸਿਰਫ਼ ਤਾਂ ਹੀ ਵਾਪਸ ਕਰੋ ਜੇਕਰ ਤੁਸੀਂ **ਨਹੀਂ** ਚਾਹੁੰਦੇ ਕਿ ਫ੍ਰੈਜ਼ਨੋ ਸ਼ਹਿਰ ਕੌਂਸਲ ਪਾਣੀ ਅਤੇ/ਜਾਂ ਵੇਸਟਵਾਟਰ ਉਪਯੋਗਤਾ ਸੇਵਾਵਾਂ ਲਈ ਦਰਾਂ ਦੀ ਸੂਚੀ ਵਿੱਚ ਪ੍ਰਸਤਾਵਿਤ ਤਬਦੀਲੀਆਂ ਨੂੰ ਲਾਗੂ ਕਰੇ।

g. ਜ਼ੁਬਾਨੀ ਵਿਰੋਧ ਨਹੀਂ ਗਿਣੇ ਜਾਣਗੇ, ਅਤੇ ਪਾਣੀ ਅਤੇ/ਜਾਂ ਵੇਸਟਵਾਟਰ ਦਰਾਂ ਦੇ ਅਧੀਨ ਆਉਣ ਵਾਲੇ ਪ੍ਰਤੀ ਪਲਾਟ ਸਿਰਫ਼ ਇੱਕ ਲਿਖਤੀ ਵਿਰੋਧ ਹੀ ਗਿਣਿਆ ਜਾਵੇਗਾ। 29 ਦਸੰਬਰ, 2026 ਨੂੰ ਜਨਤਕ ਸੁਣਵਾਈ ਦੇ ਸਮਾਪਤ ਹੋਣ ਤੋਂ ਬਾਅਦ, ਜੇਕਰ ਪ੍ਰਸਤਾਵਿਤ ਪਾਣੀ ਜਾਂ ਵੇਸਟਵਾਟਰ ਦਰ ਦੇ ਵਾਧਿਆਂ ਦੇ ਅਧੀਨ ਆਉਣ ਵਾਲੇ ਪਲਾਟ ਦੇ ਬਹੁਮਤ ਨੇ ਵੈਧ ਵਿਰੋਧ ਜਮ੍ਹਾਂ ਕਰਵਾਏ ਹਨ, ਤਾਂ ਉਸ ਉਪਯੋਗਤਾ ਲਈ ਦਰਾਂ ਲਾਗੂ ਨਹੀਂ ਕੀਤੀਆਂ ਜਾਣਗੀਆਂ।

h. ਜੇਕਰ ਤੁਸੀਂ ਲਿਖਤੀ ਵਿਰੋਧ ਦਰਜ ਕਰਵਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਵਿਰੋਧ ਕਾਰਡ ਭਰੋ ਅਤੇ ਉਸ 'ਤੇ ਦਸਤਖ਼ਤ ਕਰੋ ਅਤੇ ਫ੍ਰੈਜ਼ਨੋ ਸ਼ਹਿਰ, ਸਿਟੀ ਕਲਰਕ, 2600 ਫ੍ਰੈਜ਼ਨੋ ਸਟ੍ਰੀਟ, ਫ੍ਰੈਜ਼ਨੋ, CA 93721 ਨੂੰ ਵਾਪਸ ਭੇਜੋ। ਵਿਰੋਧ ਕਾਰਡ ਹੱਥੀਂ ਪਹੁੰਚਾ ਕੇ ਜਾਂ ਅਮਰੀਕੀ ਡਾਕ ਰਾਹੀਂ (ਡਾਕ ਟਿਕਟ ਲਗਾਉਣੀ ਲਾਜ਼ਮੀ ਹੈ) ਸਵੀਕਾਰ ਕੀਤੇ ਜਾਂਦੇ ਹਨ। ਜੇਕਰ ਵਿਰੋਧ ਕਾਰਡ ਵਿੱਚ ਜਾਇਦਾਦ ਦੇ ਮਾਲਕ ਜਾਂ ਰਿਕਾਰਡ ਵਿੱਚ ਦਰਜ ਗਾਹਕ ਦਾ ਨਾਮ ਅਤੇ ਅਸਲ ਦਸਤਖ਼ਤ, ਪ੍ਰਭਾਵਿਤ ਪਲਾਟ ਦਾ ਪਤਾ, ਅਤੇ ਨਿਸ਼ਾਨ ਲਗਾਇਆ ਹੋਇਆ ਵਿਰੋਧ ਬਾਕਸ ਸ਼ਾਮਲ ਨਹੀਂ ਹੈ, ਤਾਂ ਉਹ ਵਿਰੋਧ ਕਾਰਡ ਨਹੀਂ ਗਿਣਿਆ ਜਾਵੇਗਾ।

i. **ਵਿਕਲਪਕ ਲਿਖਤੀ ਵਿਰੋਧ**: ਲਿਖਤੀ ਵਿਰੋਧ ਦੇ ਹੋਰ ਰੂਪ ਸਵੀਕਾਰ ਕੀਤੇ ਜਾਣਗੇ, ਪਰ ਇਹ ਸਿਰਫ਼ ਤਾਂ ਹੀ ਗਿਣੇ ਜਾਣਗੇ ਜੇਕਰ ਵਿਰੋਧ ਪੜ੍ਹਨ ਯੋਗ ਹੋਵੇ ਅਤੇ ਉਸ ਵਿੱਚ ਹੇਠ ਲਿਖੇ ਸਾਰੇ ਭਾਗ ਸ਼ਾਮਲ ਹੋਣ:

- ਇੱਕ ਬਿਆਨ ਕਿ ਇਹ ਦਰਾਂ ਵਿੱਚ ਪ੍ਰਸਤਾਵਿਤ ਤਬਦੀਲੀ ਦੇ ਵਿਰੁੱਧ ਵਿਰੋਧ ਹੈ ਅਤੇ ਜੋ ਖ਼ਾਸ ਉਪਯੋਗਤਾ (ਪਾਣੀ ਜਾਂ ਵੇਸਟਵਾਟਰ) ਦੀ ਪਛਾਣ ਕਰਦਾ ਹੋਵੇ;
- ਰਿਕਾਰਡ ਮਾਲਕ ਜਾਂ ਰਿਕਾਰਡ ਵਿੱਚ ਦਰਜ ਗਾਹਕ ਦਾ ਨਾਮ;
- ਪ੍ਰਾਪਤ ਕੀਤੀ ਜਾ ਰਹੀ ਸੇਵਾ ਦਾ ਪਤਾ ਜਾਂ APN ਰਾਹੀਂ ਪ੍ਰਭਾਵਿਤ ਪਲਾਟ ਦੀ ਪਛਾਣ; ਅਤੇ,
- ਵਿਰੋਧ ਜਮ੍ਹਾਂ ਕਰਨ ਵਾਲੇ ਰਿਕਾਰਡ ਮਾਲਕ ਜਾਂ ਰਿਕਾਰਡ ਵਿੱਚ ਦਰਜ ਗਾਹਕ ਦੇ ਅਸਲ ਦਸਤਖ਼ਤ।

*ਜੇਕਰ ਲਿਖਤੀ ਵਿਰੋਧ ਦੇ ਉੱਪਰ ਦੱਸੇ ਲੋੜੀਂਦੇ ਤੱਤਾਂ ਵਿੱਚੋਂ ਕੋਈ ਵੀ ਗੁੰਮ ਹੈ, ਤਾਂ ਵਿਕਲਪਕ ਲਿਖਤੀ ਵਿਰੋਧ ਨਹੀਂ ਗਿਣਿਆ ਜਾਵੇਗਾ।

ਪ੍ਰਸਤਾਵਿਤ ਪਾਣੀ ਅਤੇ ਵੇਸਟਵਾਟਰ ਦਰਾਂ ਸਰਕਾਰੀ ਕੋਡ ਦੀ ਧਾਰਾ 53759 ਦੇ ਅਧੀਨ ਹਨ। ਤੁਹਾਨੂੰ ਸਰਕਾਰੀ ਕੋਡ ਦੀ ਧਾਰਾ 53759 ਅਨੁਸਾਰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਸ਼ਹਿਰ ਕੌਂਸਲ ਵੱਲੋਂ ਪ੍ਰਸਤਾਵਿਤ ਪਾਣੀ ਜਾਂ ਵੇਸਟਵਾਟਰ ਦਰਾਂ ਨੂੰ ਅਪਣਾਏ ਜਾਣ ਨੂੰ ਚੁਣੌਤੀ ਦੇਣ, ਉਸਦੀ ਸਮੀਖਿਆ ਕਰਨ, ਉਸਨੂੰ ਰੱਦ ਕਰਨ, ਅਯੋਗ ਕਰਾਰ ਦੇਣ, ਪ੍ਰਮਾਣਿਤ ਕਰਨ ਜਾਂ ਖ਼ਤਮ ਕਰਨ ਲਈ ਕੋਈ ਵੀ ਨਿਆਂਇਕ ਕਾਰਵਾਈ ਜਾਂ ਮੁਕੱਦਮਾ, ਪ੍ਰਭਾਵੀ ਮਿਤੀ ਤੋਂ ਜਾਂ ਪਾਣੀ ਜਾਂ ਵੇਸਟਵਾਟਰ ਦਰਾਂ ਨੂੰ ਅਪਣਾਉਣ ਵਾਲੇ ਆਰਡੀਨੈਂਸ ਜਾਂ ਮਤੇ ਦੇ ਅੰਤਿਮ ਪਾਸ ਹੋਣ, ਅਪਣਾਏ ਜਾਣ ਜਾਂ ਮਨਜ਼ੂਰ ਹੋਣ ਦੀ ਮਿਤੀ ਤੋਂ, ਜੋ ਵੀ ਬਾਅਦ ਵਿੱਚ ਹੋਵੇ, 120 ਦਿਨਾਂ ਦੇ ਅੰਦਰ ਸ਼ੁਰੂ ਕੀਤਾ ਜਾਣਾ ਲਾਜ਼ਮੀ ਹੈ।

ਕਿਰਪਾ ਕਰਕੇ ਧਿਆਨ ਦਿਓ ਕਿ ਜੇਕਰ ਪ੍ਰਸਤਾਵਿਤ ਸਮਾਯੋਜਨ ਅਪਣਾਏ ਜਾਂਦੇ ਹਨ ਤਾਂ ਸਾਰੀਆਂ ਪਾਣੀ ਅਤੇ ਵੇਸਟਵਾਟਰ ਦਰਾਂ ਨੂੰ ਚੁਣੌਤੀ ਦੇਣ ਲਈ 120 ਦਿਨਾਂ ਦੀ ਸੀਮਾ ਮਿਆਦ ਹੈ।

ਪਾਣੀ ਸੇਵਾ ਲਈ ਪ੍ਰਸਤਾਵਿਤ ਪੰਜ-ਸਾਲਾ ਦਰ ਸੂਚੀ

ਆਈਟਮ	FY27	FY28	FY29	FY30	FY31
ਪਾਣੀ ਮਾਤਰਾ ਖ਼ਰਚੇ, $/HCF					
ਪੀਣ ਯੋਗ ਪਾਣੀ ਦੇ ਮੀਟਰ	$1.85	$1.96	$2.06	$2.16	$2.26
ਨਿੱਜੀ ਖੂਹ	$0.33	$0.34	$0.35	$0.36	$0.37
ਮੀਟਰ ਖ਼ਰਚੇ, $/ਮਹੀਨਾ – ਘਰੇਲੂ					
¾-ਇੰਚ	$13.60	$14.25	$14.95	$15.65	$16.35
1.0-ਇੰਚ	$17.80	$18.65	$19.50	$20.40	$21.35
1.5-ਇੰਚ	$28.90	$30.30	$31.70	$33.20	$34.75
2.0-ਇੰਚ	$34.45	$36.10	$37.80	$39.60	$41.40
3.0-ਇੰਚ	$55.30	$57.95	$60.65	$63.50	$66.50
4.0-ਇੰਚ	$104.00	$109.00	$115.00	$120.00	$125.00
6.0-ਇੰਚ	$174.00	$182.00	$191.00	$200.00	$209.00
8.0-ਇੰਚ	$680.00	$710.00	$740.00	$780.00	$810.00
10.0-ਇੰਚ	$1,540.00	$1,610.00	$1,690.00	$1,770.00	$1,850.00
ਮੀਟਰ ਖ਼ਰਚੇ, $/ਮਹੀਨਾ – ਸਿੰਚਾਈ					
¾-ਇੰਚ	$10.85	$11.40	$11.90	$12.45	$13.05
1.0-ਇੰਚ	$13.35	$14.00	$14.65	$15.35	$16.05
1.5-ਇੰਚ	$20.10	$21.05	$22.00	$23.05	$24.10
2.0-ਇੰਚ	$23.45	$24.55	$25.70	$26.90	$28.15
3.0-ਇੰਚ	$36.00	$37.70	$39.45	$41.35	$43.25
4.0-ਇੰਚ	$65.30	$68.40	$71.65	$75.00	$78.50

ਆਈਟਮ	FY27	FY28	FY29	FY30	FY31
6.0-ਇੰਚ	$108.00	$113.00	$118.00	$124.00	$129.00
8.0-ਇੰਚ	$410.00	$430.00	$450.00	$470.00	$500.00
10.0-ਇੰਚ	$930.00	$980.00	$1,020.00	$1,070.00	$1,120.00
ਨਿੱਜੀ ਅੱਗ ਸੁਰੱਖਿਆ ਖ਼ਰਚੇ, $/ਮਹੀਨਾ					
1.0-ਇੰਚ	$8.25	$8.65	$9.10	$9.55	$10.00
1.5-ਇੰਚ	$8.25	$8.65	$9.10	$9.55	$10.00
2.0-ਇੰਚ	$8.25	$8.65	$9.10	$9.55	$10.00
3.0-ਇੰਚ	$8.25	$8.65	$9.10	$9.55	$10.00
4.0-ਇੰਚ	$8.25	$8.65	$9.10	$9.55	$10.00
6.0-ਇੰਚ	$23.95	$25.15	$26.40	$27.70	$29.05
8.0-ਇੰਚ	$51.10	$53.60	$56.25	$59.00	$61.85
10.0-ਇੰਚ	$91.85	$96.40	$101.15	$106.10	$111.25
12.0-ਇੰਚ	$148.40	$155.75	$163.35	$171.35	$179.70

ਵੇਸਟਵਾਟਰ ਸੇਵਾ ਲਈ ਪ੍ਰਸਤਾਵਿਤ ਪੰਜ-ਸਾਲਾਂ ਦਰ ਸੂਚੀ

ਆਈਟਮ	FY27	FY28	FY29	FY30	FY31
ਰਿਹਾਇਸ਼ੀ, $ ਪ੍ਰਤੀ ਮਹੀਨਾ					
ਇਕਹਿਰਾ ਪਰਿਵਾਰ	$24.80	$26.30	$27.85	$29.50	$31.30
ਬਹੁ-ਪਰਿਵਾਰ ਰਿਹਾਇਸ਼ੀ ਇਕਾਈ	$18.80	$19.90	$21.10	$22.35	$23.65
ਵਪਾਰਕ					
–ਪੀਣ ਯੋਗ ਪਾਣੀ, $/HCF					
ਉੱਚ: BOD ਜਾਂ TSS >= 501 mg/L	$4.20	$4.46	$4.72	$5.00	$5.31
ਦਰਮਿਆਨਾ: BOD ਜਾਂ TSS 201-500 mg/L	$2.46	$2.61	$2.77	$2.93	$3.11
ਘੱਟ: BOD ਜਾਂ TSS 0-200 mg/L	$1.44	$1.53	$1.62	$1.71	$1.82
–ਸੀਵਰੇਜ ਨਿਕਾਸ, $/HCF					
ਉੱਚ: BOD ਜਾਂ TSS >= 501 mg/L	$4.83	$5.12	$5.43	$5.75	$6.11
ਦਰਮਿਆਨਾ: BOD ਜਾਂ TSS 201-500 mg/L	$2.86	$3.03	$3.22	$3.41	$3.62
ਘੱਟ: BOD ਜਾਂ TSS 0-200 mg/L	$2.06	$2.18	$2.31	$2.45	$2.60
ਸਾਰੇ ਵਰਤੋਂਕਾਰ, $/ਮਹੀਨਾ (ਪ੍ਰਤੀ ਖਾਤਾ)	$3.45	$3.65	$3.85	$4.10	$4.30
ਉਦਯੋਗਿਕ, ਉੱਚ *					

ਆਈਟਮ	FY27	FY28	FY29	FY30	FY31
–ਉੱਚ ਪੀਣ ਯੋਗ ਪਾਣੀ					
ਮਾਤਰਾ, $/HCF	$1.448	$1.534	$1.626	$1.722	$1.826
**BOD, $/ਪੌਂਡ	$0.295	$0.313	$0.332	$0.352	$0.374
**TSS, $/ਪੌਂਡ	$0.350	$0.371	$0.393	$0.416	$0.442
- ਉੱਚ ਸੀਵਰੇਜ ਨਿਕਾਸ					
ਮਾਤਰਾ, $/HCF	$1.448	$1.534	$1.626	$1.722	$1.826
BOD, $/ਪੌਂਡ	$0.295	$0.313	$0.332	$0.352	$0.374
TSS, $/ਪੌਂਡ	$0.350	$0.371	$0.393	$0.416	$0.442
ਸਾਰੇ ਵਰਤੋਂਕਾਰ, $/ਮਹੀਨਾ (ਪ੍ਰਤੀ ਖਾਤਾ)	$3.45	$3.65	$3.85	$4.10	$4.30
ਉਦਯੋਗਿਕ ਘੱਟ, BOD ਜਾਂ TSS 0-200 mg/L $/HCF					
ਪੀਣ ਯੋਗ ਪਾਣੀ	$1.44	$1.53	$1.62	$1.71	$1.82
ਸੀਵਰੇਜ ਨਿਕਾਸ	$2.06	$2.18	$2.31	$2.45	$2.60
ਸਾਰੇ ਵਰਤੋਂਕਾਰ, $/ਮਹੀਨਾ (ਪ੍ਰਤੀ ਖਾਤਾ)	$3.45	$3.65	$3.85	$4.10	$4.30
ਸਕੂਲ (ADA), $/ADA/ਸਾਲ					
ਕਿੰਡਰਗਾਰਟਨ/ਪ੍ਰਾਇਮਰੀ	$9.85	$10.45	$11.05	$11.70	$12.45
ਮਿਡਲ	$19.60	$20.75	$22.00	$23.30	$24.75
ਸੀਨੀਅਰ/ਹਾਈ	$19.60	$20.75	$22.00	$23.30	$24.75
ਪੈਰੋਕੀਅਲ (ਧਾਰਮਿਕ)	$19.60	$20.75	$22.00	$23.30	$24.75
ਕਾਲਜ	$19.60	$20.75	$22.00	$23.30	$24.75
ਸਾਰੇ ਵਰਤੋਂਕਾਰ, $/ਮਹੀਨਾ (ਪ੍ਰਤੀ ਖਾਤਾ/ਇਕਾਈ)	$3.45	$3.65	$3.85	$4.10	$4.30

* ਉਦਯੋਗਿਕ "ਉੱਚ" ਸ਼੍ਰੇਣੀ ਵਿੱਚ ਉਹ ਖਾਤੇ ਸ਼ਾਮਲ ਹਨ ਜਿਨ੍ਹਾਂ ਵਿੱਚ ਜਾਂ ਤਾਂ: 1) ਇੱਕ ਦਿਨ ਵਿੱਚ 25,000 ਗੈਲਨ ਸੀਵਰੇਜ ਨਿਕਾਸ ਦੀ ਮਾਤਰਾ ਹੋਵੇ; ਜਾਂ 2) BOD ਗਾੜ੍ਹਾਪਣ 265 mg/L ਤੋਂ ਵੱਧ ਹੋਵੇ; ਜਾਂ 3) TSS ਗਾੜ੍ਹਾਪਣ 300 mg/L ਤੋਂ ਵੱਧ ਹੋਵੇ।"

** BOD ਜਾਂ TSS ਦੇ ਪੌਂਡ ਹੇਠ ਲਿਖੇ ਫਾਰਮੂਲਿਆਂ ਨਾਲ ਗਿਣੇ ਜਾ ਸਕਦੇ ਹਨ: ਪੌਂਡ BOD = (W ÷ 1,000,000) x 8.345 x BOD ਗਾੜ੍ਹਾਪਣ mg/l ਵਿੱਚ, ਜਾਂ ਪੌਂਡ TSS = (W ÷ 1,000,000) x 8.345 x TSS ਗਾੜ੍ਹਾਪਣ mg/l ਵਿੱਚ।
W = ਪ੍ਰਤੀ ਦਿਨ ਗੈਲਨ ਵਿੱਚ ਸੀਵਰ ਜਾਂ ਪਾਣੀ ਦਾ ਪ੍ਰਵਾਹ। BOD ਅਤੇ TSS ਗਾੜ੍ਹਾਪਣ ਅਸਲ ਜਾਂ ਅਨੁਮਾਨਿਤ ਮੁੱਲ 'ਤੇ ਆਧਾਰਿਤ ਹੋ ਸਕਦੇ ਹਨ।"

ਜੇਕਰ ਤੁਹਾਨੂੰ ਆਪਣੀ ਗਾਹਕ ਸ਼੍ਰੇਣੀ ਦੀ ਪਛਾਣ ਕਰਨ ਵਿੱਚ ਸਹਾਇਤਾ ਚਾਹੀਦੀ ਹੈ, ਤਾਂ ਕਿਰਪਾ ਕਰਕੇ (559) 621-8218 'ਤੇ ਕਾਲ ਕਰੋ।

ਇਸ ਨੋਟਿਸ ਨਾਲ ਨੱਥੀ ਪਾਣੀ ਅਤੇ ਵੇਸਟਵਾਟਰ ਸੇਵਾਵਾਂ ਲਈ ਪ੍ਰਸਤਾਵਿਤ ਦਰ ਦੀਆਂ ਯੋਜਨਾਵਾਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ
www.fresno.gov/prop218 'ਤੇ ਜਾਓ ਜਾਂ (559) 621-8218 'ਤੇ ਕਾਲ ਕਰੋ।